Australian Government
Services Australia

PUNJABI

# ਚਾਈਲਡ ਸਪੋਰਟ (ਬੱਚੇ ਲਈ ਮਿਲਣ ਵਾਲੀ ਸਹਾਇਤਾ ਰਾਸ਼ੀ) ਤੁਹਾਡੇ Family Tax Benefit ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ

ਜੇਕਰ ਤੁਸੀਂ Family Tax Benefit ਪ੍ਰਾਪਤ ਕਰਦੇ ਹੋ, ਅਤੇ ਤੁਸੀਂ ਆਪਣੇ ਬੱਚੇ ਦੇ ਦੂਜੇ ਮਾਪੇ ਨਾਲ ਰਿਸ਼ਤੇ ਵਿੱਚ ਨਹੀਂ ਹੋ, ਤਾਂ ਤੁਹਾਨੂੰ ਚਾਈਲਡ ਸਪੋਰਟ ਲਈ ਅਰਜ਼ੀ ਦੇਣ ਦੀ ਲੋੜ ਪੈ ਸਕਦੀ ਹੈ।

## ਚਾਈਲਡ ਸਪੋਰਟ ਕੀ ਹੈ

ਚਾਈਲਡ ਸਪੋਰਟ ਉਹ ਪੈਸਾ ਹੈ, ਜੋ ਇੱਕ ਮਾਪਾ ਆਪਣੇ ਬੱਚੇ ਦੀ ਦੇਖਭਾਲ ਦੇ ਖ਼ਰਚਿਆਂ ਵਿੱਚ ਮਦਦ ਕਰਨ ਲਈ ਦੂਜੇ ਮਾਪੇ ਨੂੰ ਦਿੰਦਾ ਹੈ।

ਦੋਵੇਂ ਮਾਪੇ ਬੱਚੇ ਦੀ ਪਰਵਰਿਸ਼ ਦੇ ਖ਼ਰਚਿਆਂ ਲਈ ਜ਼ਿੰਮੇਵਾਰ ਹੁੰਦੇ ਹਨ, ਭਾਵੇਂ ਉਹ ਰਿਸ਼ਤੇ ਵਿੱਚ ਨਾ ਵੀ ਹੋਣ ਜਾਂ ਮਾਤਾ-ਪਿਤਾ ਵਿੱਚੋਂ ਕੋਈ ਇੱਕ ਵਿਦੇਸ਼ ਵਿੱਚ ਰਹਿੰਦਾ ਹੋਵੇ।

ਜਦੋਂ ਤੁਸੀਂ ਚਾਈਲਡ ਸਪੋਰਟ ਲਈ ਅਰਜ਼ੀ ਦਿੰਦੇ ਹੋ, ਤਾਂ ਅਸੀਂ ਤੁਹਾਨੂੰ ਅਤੇ ਦੂਜੇ ਮਾਪੇ ਨੂੰ ਦੱਸਾਂਗੇ ਕਿ ਚਾਈਲਡ ਸਪੋਰਟ ਕੌਣ ਦੇਵੇਗਾ ਅਤੇ ਕਿੰਨੀ ਰਕਮ ਦੇਣੀ ਹੋਵੇਗੀ।

Services Australia ਵੀ ਤੁਹਾਡੇ ਲਈ ਇਹ ਰਕਮ ਵਸੂਲ ਕਰ ਸਕਦਾ ਹੈ।

## ਚਾਈਲਡ ਸਪੋਰਟ ਤੁਹਾਡੇ Family Tax Benefit ਨੂੰ ਕਿਵੇਂ ਪ੍ਰਭਾਵਿਤ ਕਰ ਸਕਦੀ ਹੈ

ਚਾਈਲਡ ਸਪੋਰਟ ਦੇ ਭੁਗਤਾਨ ਅਤੇ Family Tax Benefit Part A ਆਪਸ ਵਿੱਚ ਜੁੜੇ ਹੋਏ ਹਨ।

ਤੁਹਾਨੂੰ ਮਿਲਣ ਵਾਲੀ ਚਾਈਲਡ ਸਪੋਰਟ ਦੀ ਰਕਮ, ਤੁਹਾਡੇ Family Tax Benefit Part A ਨੂੰ ਪ੍ਰਭਾਵਿਤ ਕਰ ਸਕਦੀ ਹੈ।

ਜੇਕਰ ਪਿਛਲੇ ਰਿਸ਼ਤੇ ਤੋਂ ਤੁਹਾਡਾ ਕੋਈ ਬੱਚਾ ਹੈ, ਅਤੇ ਤੁਸੀਂ Family Tax Benefit ਪ੍ਰਾਪਤ ਕਰਦੇ ਹੋ, ਤਾਂ ਤੁਹਾਡੇ ਕੋਲ ਚਾਈਲਡ ਸਪੋਰਟ ਲਈ ਅਰਜ਼ੀ ਦੇਣ ਲਈ ਇੱਕ ਨਿਸ਼ਚਿਤ ਸਮਾਂ ਹੁੰਦਾ ਹੈ।

ਇਸ ਸਮੇਂ ਤੋਂ ਬਾਅਦ, ਜੇਕਰ ਤੁਸੀਂ ਚਾਈਲਡ ਸਪੋਰਟ ਲਈ ਅਰਜ਼ੀ ਨਹੀਂ ਦਿੱਤੀ ਜਾਂ ਆਪਣੇ ਵਿਕਲਪਾਂ ਬਾਰੇ ਗੱਲ ਕਰਨ ਲਈ ਸਾਡੇ ਨਾਲ ਸੰਪਰਕ ਨਹੀਂ ਕੀਤਾ, ਤਾਂ ਅਰਜ਼ੀ ਦੇਣ ਤੱਕ ਤੁਹਾਨੂੰ ਘੱਟ Family Tax Benefit ਮਿਲ ਸਕਦਾ ਹੈ।

ਜੇਕਰ ਕੋਈ ਕਾਰਨ ਹਨ ਜਿਨ੍ਹਾਂ ਕਰਕੇ ਤੁਸੀਂ ਚਾਈਲਡ ਸਪੋਰਟ ਲਈ ਅਰਜ਼ੀ ਨਹੀਂ ਦੇ ਸਕਦੇ ਹੋ, ਤਾਂ ਤੁਹਾਨੂੰ ਸਾਨੂੰ ਇੰਨ੍ਹਾਂ ਬਾਰੇ ਦੱਸਣ ਦੀ ਲੋੜ ਹੈ।

## ਚਾਈਲਡ ਸਪੋਰਟ ਲਈ ਅਰਜ਼ੀ ਕਿਵੇਂ ਦੇਣੀ ਹੈ

ਚਾਈਲਡ ਸਪੋਰਟ ਲਈ ਅਰਜ਼ੀ ਦੇਣ ਲਈ, ਤੁਹਾਨੂੰ **131 272** 'ਤੇ ਸਾਡੇ Services Australia ਦੇ Child Support ਸਟਾਫ਼ ਨੂੰ ਫ਼ੋਨ ਕਰਨਾ ਪਵੇਗਾ।

ਤੁਹਾਡੀ ਅਰਜ਼ੀ ਸਵੀਕਾਰ ਕਰਨ ਲਈ, ਸਾਨੂੰ ਇਹ ਜਾਂਚਣ ਦੀ ਲੋੜ ਹੁੰਦੀ ਹੈ ਕਿ ਬੱਚੇ ਦੇ ਜਨਮ ਵਾਲੇ ਮਾਪੇ ਕੌਣ ਹਨ। ਅਸੀਂ ਤੁਹਾਨੂੰ ਕੁੱਝ ਸਵਾਲਾਂ ਦੇ ਜਵਾਬ ਦੇਣ ਜਾਂ ਕੁੱਝ ਦਸਤਾਵੇਜ਼ ਦੇਣ ਲਈ ਕਹਿ ਸਕਦੇ ਹਾਂ। ਆਮ ਤੌਰ 'ਤੇ ਸਾਨੂੰ ਦੂਜੇ ਮਾਪੇ ਨਾਲ ਵੀ ਗੱਲ ਕਰਨੀ ਪੈਂਦੀ ਹੈ।

# ਜੇਕਰ ਤੁਸੀਂ ਚਾਈਲਡ ਸਪੋਰਟ ਲਈ ਅਰਜ਼ੀ ਨਹੀਂ ਦੇ ਸਕਦੇ ਹੋ?

ਜੇਕਰ ਕੋਈ ਕਾਰਨ ਹਨ ਜਿਨ੍ਹਾਂ ਕਰਕੇ ਤੁਸੀਂ ਆਪਣੇ ਬੱਚੇ ਦੇ ਦੂਜੇ ਮਾਪੇ ਤੋਂ ਚਾਈਲਡ ਸਪੋਰਟ ਲਈ ਅਰਜ਼ੀ ਨਹੀਂ ਦੇ ਸਕਦੇ, ਤਾਂ ਤੁਸੀਂ ਸਾਨੂੰ ਦੱਸ ਸਕਦੇ ਹੋ। ਇਹ ਕਾਰਨ ਹੋ ਸਕਦੇ ਹਨ:

- ਸੱਭਿਆਚਾਰਕ ਕਾਰਨ
- ਪਰਿਵਾਰਕ ਅਤੇ ਘਰੇਲੂ ਹਿੰਸਾ
- ਜੇਕਰ ਚਾਈਲਡ ਸਪੋਰਟ ਦਾ ਦਾਅਵਾ ਕਰਨ ਨਾਲ ਤੁਸੀਂ ਅਸੁਰੱਖਿਅਤ ਮਹਿਸੂਸ ਕਰਦੇ ਹੋ
- ਹੋਰ ਸੰਵੇਦਨਸ਼ੀਲ ਕਾਰਨ ਹਨ।

ਤੁਹਾਨੂੰ ਸਾਡੇ ਕਿਸੇ ਸੋਸ਼ਲ ਵਰਕਰ ਨਾਲ ਗੱਲ ਕਰਨੀ ਪਵੇਗੀ ਅਤੇ ਉਨ੍ਹਾਂ ਨੂੰ ਦੱਸਣਾ ਹੋਵੇਗਾ ਕਿ ਤੁਸੀਂ ਚਾਈਲਡ ਸਪੋਰਟ ਲਈ ਅਰਜ਼ੀ ਕਿਉਂ ਨਹੀਂ ਦੇ ਸਕਦੇ ਹੋ।

ਫਿਰ ਅਸੀਂ ਤੁਹਾਨੂੰ ਛੋਟ ਦੇ ਸਕਦੇ ਹਾਂ, ਤਾਂ ਜੋ ਤੁਹਾਨੂੰ ਦੂਜੇ ਮਾਪੇ ਤੋਂ ਚਾਈਲਡ ਸਪੋਰਟ ਮੰਗਣ ਦੀ ਲੋੜ ਨਾ ਪਵੇ।

# ਹੋਰ ਜਾਣਕਾਰੀ ਲਈ

- Family Tax Benefit ਬਾਰੇ ਅਤੇ ਜੇਕਰ ਤੁਸੀਂ ਚਾਈਲਡ ਸਪੋਰਟ ਲਈ ਅਰਜ਼ੀ ਨਹੀਂ ਦੇ ਸਕਦੇ ਹੋ, ਤਾਂ ਆਪਣੀ ਭਾਸ਼ਾ ਵਿੱਚ ਸਾਡੇ ਨਾਲ ਗੱਲ ਕਰਨ ਲਈ **131 202** 'ਤੇ ਫ਼ੋਨ ਕਰੋ।
- ਆਪਣੇ ਸਥਾਨਕ Services Australia ਸੇਵਾ ਕੇਂਦਰ 'ਤੇ ਜਾਓ।
- **servicesaustralia.gov.au/yourlanguage** 'ਤੇ ਜਾਓ, ਜਿੱਥੇ ਤੁਸੀਂ ਆਪਣੀ ਭਾਸ਼ਾ ਵਿੱਚ ਜਾਣਕਾਰੀ ਪੜ੍ਹ, ਸੁਣ ਜਾਂ ਦੇਖ ਸਕਦੇ ਹੋ।

# ਬੇਦਾਅਵਾ

ਇਸ ਪ੍ਰਕਾਸ਼ਨ ਵਿੱਚ ਸ਼ਾਮਲ ਜਾਣਕਾਰੀ ਦਾ ਉਦੇਸ਼ ਸਿਰਫ਼ ਭੁਗਤਾਨਾਂ ਅਤੇ ਸੇਵਾਵਾਂ ਲਈ ਇੱਕ ਗਾਈਡ ਵਜੋਂ ਵਰਤਣ ਦਾ ਹੈ। ਇਹ ਫ਼ੈਸਲਾ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਕੀ ਤੁਸੀਂ ਭੁਗਤਾਨ ਲਈ ਅਰਜ਼ੀ ਦੇਣਾ ਚਾਹੁੰਦੇ ਹੋ ਅਤੇ ਤੁਹਾਡੇ ਖ਼ਾਸ ਹਾਲਾਤਾਂ ਦੇ ਸੰਬੰਧ ਵਿੱਚ ਅਰਜ਼ੀ ਦੇਣਾ ਚਾਹੁੰਦੇ ਹੋ।

Australian Government
Services Australia

ENGLISH

# How child support affects your Family Tax Benefit

If you get Family Tax Benefit and you are not in a relationship with the other parent of your child, you might need to apply for child support.

## What is child support

Child support is money a parent pays to the other parent to help with the costs of looking after their child.

Both parents are responsible for the costs of bringing up a child even if they are not in a relationship or one of the parents lives overseas.

When you apply for child support, we will tell you and the other parent who needs to pay child support and how much to pay.

Services Australia can also collect this money for you.

## How child support can affect your Family Tax Benefit

Child support payments and Family Tax Benefit Part A are linked.

The amount of child support you get can affect your Family Tax Benefit Part A.

If you have a child from a previous relationship and get Family Tax Benefit, you have a set time to apply for child support.

After this time, if you have not applied for child support or contacted us to talk about your options, you may get less Family Tax Benefit until you apply.

If there are reasons you cannot apply for child support, you need to let us know.

## How to apply for child support

To apply for child support, you will need to call our Services Australia Child Support staff on **131 272**.

To accept your application, we need to check who the birth parents of the child are. We may ask you to answer some questions or give us some paperwork. We usually need to talk to the other parent too.

## If you cannot apply for child support

You can let us know if there are reasons you cannot apply for child support from the other parent of your child. These can be:

- cultural reasons
- family and domestic violence
- if claiming child support makes you feel unsafe
- other reasons that are sensitive.

You will need to talk to one of our social workers and tell them why you cannot apply for child support.

We can then give you an exemption, so you do not need to ask for child support from the other parent.

## For more information

- Call **131 202** to speak with us in your language about Family Tax Benefit and if you cannot apply for child support.
- Visit your local Services Australia service centre.
- Go to **servicesaustralia.gov.au/yourlanguage** where you can read, listen to or watch information in your language.

## Disclaimer

The information contained in this publication is intended only as a guide to payments and services. It's your responsibility to decide if you wish to apply for a payment and to make an application with regard to your particular circumstances.